

# ਦਲਿਤ ਚੇਤਨਾ : ਗੁਰਦਿਆਲ ਸਿੰਘ ਦੇ ਨਾਵਲ

ਡਾ. ਜਸਕਰਨ ਸਿੰਘ

# ਦਲਿਤ ਚੇਤਨਾ : ਗੁਰਦਿਆਲ ਸਿੰਘ ਦੇ ਨਾਵਲ

## ਡਾ. ਜਸਕਰਨ ਸਿੰਘ

# ਤਤਕਰਾ


ਭੂਮਿਕਾ 4

ਦਲਿਤ ਚੇਤਨਾ : ਇਤਿਹਾਸਕ ਅਤੇ ਸਾਹਿਤਕ ਪਰਿਪੇਖ 12

'ਮੜ੍ਹੀ ਦਾ ਦੀਵਾ' ਵਿੱਚ ਦਲਿਤ ਚੇਤਨਾ 91

'ਆਥਣ-ਉੱਗਣ' ਵਿੱਚ ਦਲਿਤ ਚੇਤਨਾ 110

'ਅੰਨ੍ਹੇ ਘੋੜੇ ਦਾ ਦਾਨ' ਵਿੱਚ ਦਲਿਤ ਚੇਤਨਾ 135

ਨਿਸ਼ਕਰਸ਼ 168

ਪੁਸਤਕ-ਸੂਚੀ 173

# ਸਮਰਪਿਤ

ਆਪਣੀ ਮਾਤਾ ਸ੍ਰੀ ਮਤੀ ਬਲਜਿੰਦਰ ਕੌਰ ਜੀ ਅਤੇ ਪਿਤਾ ਸ੍ਰੀ ਜਗਰੂਪ ਸਿੰਘ ਜੀ ਦੇ ਨਾਂ ਜਿੰਨ੍ਹਾਂ ਦਾ ਸੰਘਰਸ਼ਮਈ ਜੀਵਨ ਮੇਰੇ ਲਈ ਪ੍ਰੇਰਨਾ ਸਰੋਤ ਬਣਿਆ ਅਤੇ ਜਿੰਨ੍ਹਾਂ ਦੀ ਅਸੀਸ ਨੇ ਮੈਨੂੰ ਸਫਲਤਾ ਦੀਆਂ ਪੌੜੀਆਂ ਚੜ੍ਹਨ ਦੀ ਹਿੰਮਤ ਬਖ਼ਸੀ।

# ਭੂਮਿਕਾ

ਭਾਰਤੀ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਪਿਛਲੇ ਕੁਝ ਸਮੇਂ ਤੋਂ ਦਲਿਤ ਚੇਤਨਾ ਇੱਕ ਸੰਵਾਦ ਦਾ ਰੂਪ ਲੈ ਚੁੱਕੀ ਹੈ। ਦਲਿਤ ਚੇਤਨਾ ਦੇ ਅੰਤਰਗਤ ਮਾਨਵੀ ਸਮੂਹ ਦੇ ਸਦੀਆਂ ਤੋਂ ਲਿਤਾੜੇ ਅਤੇ ਦੱਬੇ-ਕੁਚਲੇ, ਆਰਥਕ ਪੱਖੋਂ ਹੀਣੇ, ਸਮਾਜਕ, ਰਾਜਨੀਤਕ, ਸੱਭਿਆਚਾਰਕ ਤੇ ਹੋਰ ਮਾਨਵੀ ਕੀਮਤਾਂ ਤੋਂ ਵਾਂਝੇ ਲੋਕਾਂ ਦੀ ਸੰਵੇਦਨਾ ਨੂੰ ਪੇਸ਼ ਕੀਤਾ ਗਿਆ ਹੈ। ਉਹਨਾਂ ਨੂੰ ਮਾਨਸਕ ਅਤੇ ਆਰਥਕ ਪੱਖ ਤੋਂ ਜਾਗਰੂਕ ਕਰਨਾ ਹੀ ਦਲਿਤ ਚੇਤਨਾ ਦਾ ਮੁੱਖ ਪਹਿਲੂ ਹੈ। ਅਜੋਕੇ ਵਿਸ਼ਵੀਕਰਨ ਦੇ ਯੁੱਗ ਅੰਦਰ ਕਿਉਂ ਤੇ ਕਿਵੇਂ ਵਰਗੇ ਹਜ਼ਾਰਾਂ ਸਵਾਲਾਂ ਦਾ ਜੁਆਬ ਮੰਗਦੀ ਦਲਿਤ ਚੇਤਨਾ ਅੱਜ ਉਸ ਬ੍ਰਾਹਮਣਵਾਦੀ ਵਿਵਸਥਾ ਨੂੰ ਨਕਾਰ ਰਹੀ ਹੈ, ਜਿਹੜੀ ਉਹਨਾਂ ਦੇ ਮਾਨਵੀ ਪਛਾਣ ਦੇ ਦਰਜੇ ਨੂੰ ਹਮੇਸ਼ਾਂ ਨਕਾਰਦੀ ਰਹੀ ਹੈ।

ਦਲਿਤ ਦੀ ਪਛਾਣ ਤੇ ਮੁਕਤੀ ਦਾ ਮਸਲਾ ਅੱਜ ਵੀ ਭਾਰਤੀ ਚਿੰਤਨ ਦਾ ਅਹਿਮ ਵਿਸ਼ਾ ਹੈ। ਦਲਿਤ ਕੌਣ ਹੈ, ਇਸ ਬਾਰੇ ਚਿੰਤਕਾਂ